# ਦਫਤਰ ਜਿਲ੍ਹਾ ਸਿੱਖਿਆ ਅਫਸਰ (ਐ:ਸਿ) ਪਠਾਨਕੋਟ

ਜਿਲ੍ਹਾ ਪ੍ਰਬੰਧਕੀ ਕੰਪਲੈਕਸ,ਦੂਜੀ ਮੰਜਿਲ , ਮਲਕਪੁਰ, ਪਠਾਨਕੋਟ ਫੋਨ ਨੰਬਰ 0186-2345155 Email : ssapathankot@punjabeducation.gov.in

ਵੱਲ:-

1. ਸੰਬਧਤ ਸਕੂਲ ਮੁੱਖੀ / ਮੈਨੇਜਰ
   ਜਿਲਾ ਪਠਾਨਕੋਟ।
2. ਸੰਬਧਤ ਬਲਾਕ ਪ੍ਰਾਇਮਰੀ ਸਿੱਖਿਆ ਅਫਸਰ
   ਜਿਲਾ ਪਠਾਨਕੋਟ।

ਪੱਤਰ ਨੰ:RTE/ 2021136849 ਮਿਤੀ ਪਠਾਨਕੋਟ:23.04.2021

ਵਿਸ਼ਾ:- 6-14 ਸਾਲ ਦੇ ਬੱਚਿਆਂ ਨੂੰ ਮੁਫਤ ਅਤੇ ਲਾਜਮੀ ਸਿੱਖਿਆ ਦੇ ਅਧਿਕਾਰ 2011 ਦੇ ਨਿਯਮ ਤੇ ਉਪ ਨਿਯਮ (4) ਸੈਕਸ਼ਨ 18 ਦੇ ਉਦੇਸ਼ ਲਈ ਬੱਚਿਆਂ ਦੇ ਮੁਫਤ ਅਤੇ ਲਾਜਮੀ ਸਿੱਖਿਆ ਦੇ ਐਕਟ 2009 ਲਈ ਮਾਨਤਾ ਨਵਿਆਉਣ/ਜਾਰੀ ਕਰਨ ਸੰਬੰਧੀ।

ਸ੍ਰੀ ਮਾਨ/ਮਤੀ ਜੀ,

ਆਪ ਜੀ ਰਾਹੀਂ ਪ੍ਰਾਪਤ ਪ੍ਰਤੀ ਬੇਨਤੀ ਅਤੇ ਬਾਅਦ ਵਿੱਚ ਇਸ ਸਬੰਧੀ ਕੀਤੇ ਪੱਤਰ ਵਿਹਾਰ/ਪੜਤਾਲ ਦੇ ਹਵਾਲੇ ਵਿੱਚ ਨਿਮਨਹਸਤਾਖਰੀ ਵੱਲੋ ਹੇਠ ਲਿਖੇ ਸਕੂਲਾਂ ਨੂੰ ਜਮਾਤ ਪਹਿਲੀ ਤੋਂ ਜਮਾਤ ਅਠਵੀਂ ਲਈ ਮਿਤੀ 01-04-2020 ਤੋਂ 31-03-2023 ਤੱਕ ਮਾਨਤਾ ਜਾਰੀ/ਨਵਿਆਈ ਜਾਂਦੀ ਹੈ।

| Sr. No. | RTE CODE | SCHOOL NAME | BLOCK |
|---|---|---|---|
| 1 | 2137 | ANGEL'S PUBLIC SCHOOL MAMOON | PATHANKOT-3 |

ਹੇਠ ਲਿਖਿਆਂ ਸ਼ਰਤਾਂ ਦੀ ਪੂਰਤੀ ਤੋ ਬਾਅਦ ਹੀ ਇਹ ਮੰਜੂਰੀ ਸਹੀ ਮੰਨੀ ਜਾਵੇਗੀ।

ਸ਼ਰਤਾਂ:

1: ਮਾਨਤਾ ਦੀ ਮੰਜੂਰੀ ਦਾ ਸਮਾਂ ਵਧਾਇਆ ਨਹੀ ਜਾ ਸਕਦਾ ਅਤੇ ਕਿਸੇ ਵੀ ਸੂਰਤ ਵਿੱਚ ਅੱਠਵੀ ਸ੍ਰੇਣੀ ਤੋ ਅੱਗੇ ਮਾਨਤਾ/ਐਫੀਲੇਸ਼ਨ ਲਈ ਵਚਨਵੱਧ ਨਹੀ ਹੈ।

2: ਸਕੂਲ ਬੱਚਿਆਂ ਦੇ ਮੁਫਤ ਅਤੇ ਲਾਜਮੀ ਸਿੱਖਿਆ ਦੇ ਅਧਿਕਾਰ ਕਾਨੂੰਨ 2009(ਅਨੈਕਚਰ 1) ਅਤੇ ਬੱਚਿਆਂ ਦੇ ਲਾਜਮੀ ਅਤੇ ਮੁਫਤ ਸਿੱਖਿਆ ਦੇ ਨਿਯਮ 2011(ਅਨੈਕਚਰ 2) ਦੀ ਇੰਨਬਿੰਨ ਪਾਲਣਾ ਕਰੇਗਾ।

3: ਸਕੂਲ ਪਹਿਲੀ ਸ੍ਰੇਣੀ ਵਿੱਚ ਦਾਖਲਾ ਕਰੇਗਾ ਅਤੇ ਕਲਾਸ ਦੀ 25 ਪ੍ਰਤੀਸ਼ਤ ਉਸ ਵਿੱਚ ਸਾਰੇ ਵਿਦਿਆਰਥੀ ਜੋ ਕਮਜੋਰ ਵਰਗ ਅਤੇ ਗੈਰ ਲਾਭਦਾਇਕ ਵਰਗ ਜੋ ਕਿ ਉਹਨਾ ਦੇ ਗੁਆਂਡ ਵਿੱਚ ਹੋਣਗੇ ਨੂੰ ਐਲੀਮੈਂਟਰੀ ਸਿੱਖਿਆ ਦੀ ਸਮਾਪਤੀ ਤੱਕ ਮੁਫਤ ਅਤੇ ਲਾਜਮੀ ਸਿੱਖਿਆ ਪ੍ਰਦਾਨ ਕਰਵਾਏਗਾ।ਬਸਰਤੇ ਪ੍ਰੀ ਪ੍ਰਾਇਮਰੀ ਸ੍ਰੇਣੀਆਂ ਉਤੇ ਵੀ ਇਹ ਨਿਯਮ ਲਾਗੂ ਹੋਵੇਗਾ।

4: ਪੈਰਾ ਨੰ:3 ਵਿੱਚ ਦਰਸਾਏ ਵਿਦਿਆਰਥੀਆਂ ਦੇ ਲਈ ਸਕੂਲ,ਕਾਨੂੰਨ ਦੇ ਸੈਕਸ਼ਨ 12 ਦੇ ਸਬ 'ਸੈਕਸ਼ਨ 2 ਅਨੁਸਾਰ ਦੀ ਪੂਰਤੀ ਕਰੇਗਾ ਅਤੇ ਇਸ ਪ੍ਰਤੀ ਪੂਰਤੀ ਲਈ ਇੱਕ ਵੱਖਰਾ ਬੈਂਕ ਖਾਤਾ ਮਹੁੱਈਆ ਕਰਵਾਏਗਾ।

5: ਸਕੂਲ ਕੋਈ ਵੀ ਜਬਰੀ ਫੀਸ ਕਿਸੇ ਮਾਪਿਆਂ ਤੋਂ ਜਾਂ ਸਰਪ੍ਰਸਤ ਤੋ ਕਿਸੇ ਵੀ ਕਾਰਵਾਈ ਲਈ ਇਕੱਠੀ ਨਹੀ ਕਰੇਗਾ।

6: ਸਕੂਲ ਕਿਸੇ ਨੂੰ ਵੀ ਦਾਖਲੇ ਤੋਂ ਮਨਾਂ ਨਹੀ ਕਰੇਗਾ:-
(ੳ) ਕਿਸੇ ਵੀ ਬੱਚੇ ਨੂੰ ਜਿਸ ਕੋਲ ਜਨਮ ਦਾ ਸਬੂਤ ਨਾ ਹੋਵੇ ਜਾਂ
(ਅ) ਜੇਕਰ ਅਜਿਹੇ ਬੱਚੇ ਨੂੰ ਦਰਸਾਏ ਜਾਂ ਵਧਾਏ ਸਮੇ ਦੋਰਾਨ(ਦਾਖਲਾ ਦੇਣ ਲਈ) ਜੇਕਰ ਦਾਖਲਾ ਦੇ ਦਿੱਤਾ ਜਾਂਦਾ ਹੈ।
(ੲ) ਧਰਮ ,ਜਾਤ,ਪਾਤ,ਜਨਮ ਅਸਥਾਨ ਜਾਂ ਇਹਨਾ ਕਾਰਨਾ ਦੇ ਅਧਾਰ ਤੇ।

7: ਸਕੂਲ ਯਕੀਨੀ ਬਣਾਏਗਾ:
(ੳ) ਕੋਈ ਵੀ ਦਾਖਲ ਵਿਦਿਆਰਥੀ ਕਿਸੇ ਵੀ ਸ੍ਰੇਣੀ ਵਿੱਚ ਰੋਕਿਆ ਜਾਂ ਕੱਢਿਆ ਨਹੀ ਜਾ ਸਕਦਾ ਜਦੋ ਤੱਕ ਉਸ ਦੀ ਐਲੀਮੈਂਟਰੀ ਸਿੱਖਿਆ ਪੂਰੀ ਨਹੀ ਹੋ ਜਾਂਦੀ।
(ਅ) ਕਿਸੇ ਵੀ ਵਿਦਿਆਰਥੀ ਨੂੰ ਸਰੀਰਕ ਜਾਂ ਮਾਨਸਿਕ ਦੰਡ ਨਹੀ ਦਿੱਤਾ ਜਾਵੇਗਾ।



Principal
Angel's Public School
Mamoon, Pathankot (Pb.)

Dist. Edu. Officer (E.E.)
Cum-Member Secretary-Cum
Distt. Project Director
S.S.A. PATHANKOT

(ੲ)ਕਿਸੇ ਵੀ ਵਿਦਿਆਰਥੀ ਨੂੰ ਐਲੀਮੈਂਟਰੀ ਸਿੱਖਿਆ ਪੂਰੀ ਕਰਨ ਤੋਂ ਪਹਿਲਾਂ ਕੋਈ ਵੀ ਬੋਰਡ ਦੀ ਪ੍ਰੀਖਿਆ ਪਾਸ ਕਰਨ ਦੀ ਜ਼ਰੂਰਤ ਨਹੀ ਹੋਵੇਗੀ।

(ਸ) ਨਿਯਮ 21 ਦੇ ਮੁਤਾਬਿਕ ਹਰੇਕ ਵਿਦਿਆਰਥੀ ਨੂੰ ਐਲੀਮੈਂਟਰੀ ਸਿੱਖਿਆ ਪ੍ਰਾਪਤ ਕਰਨ ਉਪਰੰਤ ਸਰਟੀਫਿਕੇਟ ਪ੍ਰਦਾਨ ਕੀਤਾ ਜਾਵੇਗਾ।

(ਹ) ਕਾਨੂੰਨ ਦੇ ਤਹਿਤ ਅਪੰਗ,ਅਯੋਗ ਜਾਂ ਵਿਸੇਸ ਜਰੂਰਤਾਂ ਵਾਲੇ ਵਿਦਿਆਰਥੀਆਂ ਨੂੰ ਦਾਖਲ ਕੀਤਾ ਜਾਵੇਗਾ।

(ਕ) ਸੈਕਸ਼ਨ 23 ਦੇ ਸਬ ਸੈਕਸ਼ਨ(1) ਅਨੁਸਾਰ ਨਿਯੁਕਤ ਅਧਿਆਪਕ ਆਪਣੀਆਂ ਵਿਦਿਅਕ ਯੋਗਤਾਵਾਂ ਨੂੰ ਪੂਰਾ ਕਰਦਾ ਹੋਵੇ।ਜੇਕਰ ਪਹਿਲਾਂ ਤੋ ਨਿਯੁਕਤ ਹਨ ਤਾ ਉਹ ਆਪਣੀਆਂ ਲੋੜੀਂਦੀਆਂ ਘੱਟ ਤੋ ਘੱਟ ਵਿਦਿਅਕ ਯੋਗਤਾਵਾਂ ਕਾਨੂੰਨ ਦੇ ਲਾਗੂ ਹੋਣ ਦੀ ਮਿਤੀ ਤੋ ਨੋਕਰੀ ਵਿੱਚ ਆਉਣ ਦੇ 5 ਸਾਲਾਂ ਦੋਰਾਣ ਪੂਰੀਆਂ ਕਰਨਗੇ।

(ਖ)ਸਿੱਖਿਆ ਕਾਨੂੰਨ ਦੇ ਸੈਕਸ਼ਨ 24 ਅਤੇ ਸਬ ਸੈਕਸ਼ਨ(1) ਅਨੁਸਾਰ ਦਰਸਾਏ ਗਏ ਨਿਯਮਾਂ ਤਹਿਤ ਅਧਿਆਪਕ ਆਪਣੀਆਂ ਡਿਊਟੀਆਂ ਨਿਭਾਉਣਗੇ।

(ਗ) ਆਧਿਆਪਕ ਆਪਣੇ ਆਪ ਨੂੰ ਕਿਸੇ ਵੀ ਕਿਸਮ ਦੀ ਪ੍ਰਾਇਵੇਟ ਟਿਊਸ਼ਨ ਵਿੱਚ ਸ਼ਾਮਲ ਨਹੀ ਕਰਨਗੇ।

8: ਸਕੂਲ,ਯੋਗ ਪ੍ਰਬੰਧਕੀ ਸੰਸਥਾ/ਅਥਾਰਟੀ ਦੁਆਰਾ ਨਿਯਮਿਤ ਕੀਤਾ ਗਿਆ ਸਮਾਂ ਸਾਰਣੀ ਅਤੇ ਪਾਠਕ੍ਰਮ ਵੰਡ ਦਾ ਅਨੁਸਰਣ ਕਰੇਗਾ।

9: ਸਕੂਲ ਕਾਨੂੰਨ ਦੀ ਧਾਰਾ 19 ਵਿੱਚ ਦਰਸਾਏ ਗਏ ਅਨੁਪਾਤ ਅਨੁਸਾਰ ਬੱਚਿਆਂ ਦਾ ਦਾਖਲਾ ਕਰੇਗਾ।

10: ਸਕੂਲ ਸਿੱਖਿਆ ਅਧਿਕਾਰ ਕਾਨੂੰਨ ਦੀ ਧਾਰਾ 19 ਅਨੁਸਾਰ ਮਾਪਦੰਡ ਅਨੁਸਾਰ ਪਾਲਣਾ ਕਰੇਗਾ।ਜੋ ਸਹੂਲਤਾਂ ਪਿਛਲੇ ਸਮੇ ਦੇ ਮੁਆਇਨੇ ਅਨੁਸਾਰ ਦਰਸਾਈਆਂ ਗਈਆਂ ਹਨ,ਜੇਕਰ ਹਨ ਤਾਂ ਹੇਠ ਲਿਖੇ ਅਨੁਸਾਰ ਹਨ:-

ਸਕੂਲ ਦਾ ਖੇਤਰਫਲ

ਬਣਿਆ ਹੋਇਆ ਕੁੱਲ ਖੇਤਰਫਲ

ਖੇਡ ਦੇ ਮੈਦਾਨ ਦਾ ਖੇਤਰਫਲ

ਸ੍ਰੇਣੀਆਂ ਦੇ ਕਮਰਿਆਂ ਦੀ ਗਿਣਤੀ

ਮੁੱਖ ਅਧਿਆਪਕ ਕਮ ਅਫਸਰ ਕਮ ਭੰਡਾਰਣ ਦਾ ਕਮਰਾ

ਲਿਖਣ ਪੜਨ ਸੰਬੰਧੀ ਸਮੱਗਰੀ/ਖੇਡਾਂ ਦਾ ਸਮਾਨ/ਲਾਇਬਰੇਰੀ ਦੀ ਸਮੱਗਰੀ ਦੀ ਉਪਲਬਧਤਾ।

ਲਿਖਣ ਪੜਨ ਸੰਬੰਧੀ ਸਮੱਗਰੀ/ਖੇਡਾਂ ਦਾ ਸਮਾਨ/ਲਾਇਬਰੇਰੀ ਦੀ ਸਮੱਗਰੀ ਦੀ ਉਪਲਬਧਤਾ।
ਕੋਈ ਵੀ ਗੈਰ ਮਾਨਤਾ ਸ੍ਰੇਣੀ ਨਹੀ ਪੜ੍ਹਾਈ ਜਾਵੇਗੀ।

11: ਉਸੇ ਸਕੂਲ ਦੇ ਨਾ ਉਤੇ ਸਕੂਲ ਦੇ ਅਹਾਤੇ ਦੇ ਅੰਦਰ ਜਾਂ ਬਾਹਿਰ ਕੋਈ ਵੀ ਗੈਰ ਮਾਨਤਾ ਸ੍ਰੇਣੀ ਨਹੀ ਪੜ੍ਹਾਈ ਜਾਵੇਗੀ।

12: ਸਕੂਲ ਦੀ ਇਮਾਰਤ ਅਤੇ ਢਾਂਚਾ ਜਾਂ ਖੇਡ ਦਾ ਮੈਦਾਨ ਸਿਰਫ ਅਤੇ ਸਿਰਫ ਸਕੂਲ ਦੀ ਵਿਦਿਅਕ ਗਤੀਵਿਧੀਆਂ ਅਤੇ ਹੁਨਰ ਦੇ ਵਿਕਾਸ ਲਈ ਹੀ ਵਰਤਿਆ ਜਾਵੇਗਾ।

13: ਸਕੂਲ (1860 ਦੇ ਕਾਨੂੰਨ ਨੰ:21) ਕਾਨੂੰਨ ਤਹਿਤ ਪੰਜੀਕ੍ਰਿਤ ਸੁਸਾਇਟੀ ਵੱਲੋ ਚਲਾਇਆ ਜਾ ਰਿਹਾ ਹੋਵੇ ਜਾਂ ਕੁਝ ਸਮੇ ਲਈ ਕੋਈ ਵੀ ਜਨਤਕ ਸੰਸਥਾ ਦੁਆਰਾ ਚਲਾਇਆ ਜਾ ਰਿਹਾ ਹੋਵੇ।

14: ਸਕੂਲ ਕਿਸੇ ਵੀ ਵਿਅਕਤੀਗਤ ਵਰਗ ਜਾਂ ਵਿਅਕਤੀਗਤ ਗਠਜੋੜ ਨੂੰ ਫਾਇਦਾ ਪਹੁੰਚਾਉਣ ਲਈ ਨਾ ਚਲਾਇਆ ਜਾਂਦਾ ਹੋਵੇ।

15: ਸਕੂਲ ਦਾ ਲੇਖਾ ਜੋਖਾ ਪ੍ਰਮਾਣਿਤ ਲੇਖਾਕਾਰ/ਸੀ:ਏ: ਕੋਲੋ ਨਿਰੀਖਤ ਕੀਤਾ ਹੋਵੇ ਅਤੇ ਨਿਯਮਾਂ ਮੁਤਾਬਿਕ ਲੇਖੇ ਦੀ ਸਾਰਣੀ ਬਣਾਈ ਹੋਣੀ ਚਾਹੀਦੀ ਹੈ।ਹਰ ਵਰੇ ਸਾਰਣੀ ਉਤਾਰਾ ਜ਼ਿਲ੍ਹਾ ਸਿੱਖਿਆ ਅਫਸਰ(ਐ:ਸਿ) ਨੂੰ ਸੂਚਨਾਂ ਹਿੱਤ ਭੇਜਿਆ ਜਾਵੇਗਾ।

16: ਆਪ ਜੀ ਦੇ ਸਕੂਲ ਦਾ ਮਾਨਤਾ ਪ੍ਰਾਪਤ ਸਨਾਖਤੀ ਨੰ:(RTE CODE/ NO.) <u>ਉਪਰੋਕਤ ਦਰਸਾਈ ਲਿਸਟ</u> ਵਿੱਚ ਦਰਜ ਹੈ।(ਕਿਰਪਾ ਕਰਕੇ ਇਸ ਨੂੰ ਨੋਟ ਕਰ ਲਿਆ ਜਾਵੇ ਅਤੇ ਅੱਗੇ ਤੋ ਭਵਿੱਖ ਵਿੱਚ ਇਹ ਸਨਾਖਤੀ ਨੰਬਰ ਪੱਤਰ ਵਿਵਹਾਰ ਕਰਦੇ ਸਮੇ ਦਰਸਾਇਆ ਜਾਵੇ।

17: ਸਕੂਲ ਅਜਿਹੀਆਂ ਸਾਰੀਆਂ ਰਿਪੋਰਟਾਂ ਅਤੇ ਸੂਚਨਾਂ ਜ਼ਿਲ੍ਹਾ ਸਿੱਖਿਆ ਅਫਸਰ ਜਾਂ ਨਿਰਦੇਸ਼ਕ ਸਿੱਖਿਆ ਵਿਭਾਗ ਨੂੰ ਸਮੇ ਸਮੇ ਪੁਜਦਾ ਕਰੇਗਾ ਅਤੇ ਰਾਜ ਸਰਕਾਰ ਜਾਂ ਸਥਾਨਕ ਪ੍ਰਬੰਧਕ ਨੂੰ ਸਮੇ ਸਮੇ ਉਹਨਾ ਵੱਲੋ ਨਿਰਦੇਸ਼ਿਤ ਸੂਚਨਾਂ ਮਹੁੱਈਆਂ ਕਰਵਾਉਣ ਲਈ ਪਾਬੰਦ ਹੋਵੇਗਾ। ਸਕੂਲ ਵੱਲੋ ਅਜਿਹੀਆਂ ਘਾਟਾਂ ਦੂਰ ਕੀਤੀਆਂ ਜਾਣਗੀਆਂ ਅਤੇ ਇਸ ਦੀ ਰਿਪੋਰਟ ਸਮੇਂ-2 ਤੇ ਜ਼ਿਲ੍ਹਾ ਸਿੱਖਿਆ ਅਫਸਰ ਜਾਂ ਨਿਹਦੇਸ਼ਕ ਸਿੱਖਿਆ ਵਿਭਾਗ ਨੂੰ ਪੁਜਦਾ ਕਰੇਗਾ ।

18: ਇਸ ਗੱਲ ਨੂੰ ਯਕੀਨੀ ਬਣਾਇਆ ਜਾਵੇ ਕਿ ਸੰਸਥਾ ਦੀ ਪੰਜੀਕਰਨ ਨਵਿਆਈ ਗਈ ਹੈ।

19: ਹੋਰ ਸ਼ਰਤਾਂ ਅਨੇਕਚਰ 3 ਅਨੁਸਾਰ ਨਾਲ ਨੱਥੀ ਹਨ।

<u>ਨੋਟ : - ਸਕੂਲ ਨੂੰ ਇਸ ਸ਼ਰਤ ਤੇ ਮਾਨਤਾ ਜਾਰੀ ਕੀਤੀ ਜਾਂਦੀ /ਨਵਿਆਈ ਜਾਂਦੀ ਹੈ ਕਿ ਸਕੂਲ ਹਰ ਸਾਲ ਬਿਲਡਿੰਗ ਸੇਫਟੀ,ਫਾਇਰ ਸੇਫਟੀ ਅਤੇ ਜਨ ਸਿਹਤ ਸੇਵਾਵਾਂ ਦਾ ਸਰਟੀਫਿਕੇਟ ਸਬੰਧਤ ਵਿਭਾਗ ਤੋਂ ਮਿਆਦ ਅਨੁਸਾਰ ਨਵਿਆਉਣ ਉਪਰੰਤ ਇਸ ਦਫਤਰ ਵਿਖੇ ਵਿੱਤੀ ਸਾਲ ਦੀ ਸ਼ੁਰੂਆਤ ਤੇ 30 ਅਪ੍ਰੈਲ ਤੱਕ ਜਮਾਂ ਕਰਵਾਏਗਾ।ਅਣਗਹਿਲੀ ਦੀ ਸੂਰਤ ਵਿੱਚ ਮਾਨਤਾ ਰੱਦ ਕਰ ਦਿੱਤੀ ਜਾਵੇਗੀ।</u>

Dist. Edu. Officer (E.E.
Cum-Member Secretary-Cum
Distt. Project Director
S.S.A. PATHANKOT

Principal
Angel's Public School
Mamoon, Pathankot (Pb.)

## School Recognition Payment History

School Recognition Payment History

| Sno | Application No. | Transaction Date | Transaction No. | Transaction Amount | Payment Status | Status | Print Application | |
|---|---|---|---|---|---|---|---|---|
| 1 | 13491072883 | 11/2/2020 3:54:28 PM | 71631187 | 2000 | Paymnet has paid | Approved | Print Application | |
| 2 | 12262015280 | 4/17/2023 11:24:35 AM | 133298084 | 2000 | Paymnet has paid | Pending At DEO EE | Print Application | |

Principal
Angel's Public School
Mamoon, Pathankot (Pb.)

Last Login On : From IP : Details